**16ਵੀਂ ਪੰਜਾਬ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਅੱਠਵਾਂ (ਬਜਟ)ਸਮਾਗਮ, 2025** **ਬੁਲੇਟਿਨ ਨੰ: 01**

**ਸ਼ੁੱਕਰਵਾਰ, 21 ਮਾਰਚ, 2025**

(02.00 ਵਜੇ ਬਾਅਦ ਦੁਪਹਿਰ ਤੋਂ 03.43 ਵਜੇ ਬਾਅਦ ਦੁਪਹਿਰ ਤੱਕ)

**1. ਸਦਨ ਦੇ ਕੁਝ ਮੈਂਬਰਾਂ ਦੇ ਪਰਿਵਾਰਕ ਜੀਆਂ ਦੇ ਸਦੀਵੀ ਵਿਛੋੜੇ ਤੇ ਭਾਵਨਾਵਾਂ ਦਾ ਪ੍ਰਗਟਾਵਾ**

ਮਾਣਯੋਗ ਸਪੀਕਰ ਵੱਲੋਂ ਡਾਕਟਰ ਬਲਬੀਰ ਸਿੰਘ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਦੇ ਮਾਤਾ ਜੀ, ਸਦਨ ਦੇ ਮੈਂਬਰਾਂ ਸ੍ਰੀਮਤੀ ਸੰਤੋਸ਼ ਕਟਾਰੀਆ ਦੇ ਭਰਾ, ਸ੍ਰੀਮਤੀ ਨਰਿੰਦਰ ਕੌਰ ਭਰਾਜ ਦੇ ਤਾਇਆ ਜੀ ਅਤੇ ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਚਾਚਾ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਸਦਨ ਦਾ ਧਿਆਨ ਦਿਵਾਇਆ ਗਿਆ ਅਤੇ ਸਦਨ ਵੱਲੋਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਅਤੇ ਸਬੰਧਤ ਪਰਿਵਾਰਾਂ ਦੀ ਚੜ੍ਹਦੀਕਲਾ ਲਈ ਭਾਵਨਾਵਾਂ ਪ੍ਰਗਟਾਈਆਂ।

**2. ਮਾਣਯੋਗ ਸਪੀਕਰ ਦੁਆਰਾ ਪ੍ਰੇਖਣ**

ਮਾਣਯੋਗ ਸਪੀਕਰ ਦੁਆਰਾ ਨਿਮਨ ਅਨੁਸਾਰ ਪ੍ਰੇਖਣ ਕੀਤਾ ਗਿਆ ਕਿ:

"ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪ੍ਰਸ਼ਨ ਕਾਲ ਬੜਾ ਸੀਮਤ ਹੁੰਦਾ ਹੈ। ਕੋਸ਼ਿਸ਼ ਇਹ ਕੀਤੀ ਜਾਂਦੀ ਹੈ ਕਿ ਸਾਰਿਆਂ ਦੇ ਸਵਾਲ ਆ ਜਾਣ। ਸੋ, ਆਪਾਂ ਕੇਵਲ ਚੱਲ ਰਹੇ ਸਵਾਲ ਨਾਲ ਰੈਲੇਵੈਂਟ ਤੇ ਸਬੰਧਿਤ ਸਪਲੀਮੈਂਟਰੀ ਹੀ ਕਰੀਏ, ਰੂਲ ਵੀ ਇਹੀ ਕਹਿੰਦੇ ਹਨ। ਸੋ, ਮੇਰਾ ਖਿਆਲ ਹੈ ਕਿ ਅੱਗੇ ਤੋਂ ਤੁਸੀ ਸਾਰੇ ਇਸ ਗੱਲ ਦਾ ਧਿਆਨ ਰੱਖੋਗੇ।"

**3. ਪ੍ਰਸ਼ਨ**

**(ੳ) ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗਿਣਤੀ |
|---|---|---|---|---|---|
| 20 | 16 | 1 | 3 | - | 22 |

**4. ਮਾਣਯੋਗ ਸਪੀਕਰ ਦੁਆਰਾ ਪ੍ਰੇਖਣ**

ਮਾਣਯੋਗ ਸਪੀਕਰ ਦੁਆਰਾ ਨਿਮਨ ਅਨੁਸਾਰ ਪ੍ਰੇਖਣ ਕੀਤਾ ਗਿਆ ਕਿ:

1. ਜ਼ੀਰੋ ਆਵਰ ਵਿੱਚ ਅਤਿ ਸੰਵੇਦਨਸ਼ੀਲ ਮੁੱਦੇ ਮਾਣਯੋਗ ਮੈਂਬਰ ਸਾਹਿਬਾਨ ਵੱਲੋਂ ਚੁੱਕੇ ਜਾਂਦੇ ਹਨ ਸਰਕਾਰ ਦੇ ਧਿਆਨ ਵਿੱਚ ਵੀ ਆ ਜਾਂਦੇ ਹਨ। ਜਿਹੜੀ ਚੀਜ਼ ਸਰਕਾਰ ਦੇ ਧਿਆਨ ਵਿੱਚ ਆਉਂਦੀ ਹੈ, ਉਸ ਤੇ ਕਾਰਵਾਈ ਵੀ ਹੋ ਜਾਂਦੀ ਹੈ।
2. Opposition must have its say, Treasury is having its way. ਸੋ, ਮੇਰੀ ਕੋਸ਼ਿਸ਼ ਇਹ ਹੁੰਦੀ ਹੈ ਕਿ ਆਪੋਜ਼ੀਸ਼ਨ ਦੇ ਵੱਧ ਤੋਂ ਵੱਧ ਮੈਂਬਰਾਂ ਨੂੰ ਬੁਲਾਇਆ ਜਾਵੇ। ਇਹ ਡੈਮੋਕਰੇਸੀ ਦਾ ਨਿਯਮ ਹੈ।

5. **ਮਾਣਯੋਗ ਸਪੀਕਰ ਦੁਆਰਾ ਐਲਾਨ**

1. **ਸਭਾਪਤੀ ਨਾਮਾਂਵਲੀ ਸਬੰਧੀ ਐਲਾਨ**

ਮਾਣਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 13(1) ਅਧੀਨ ਨਿਮਨਲਿਖਤ ਮਾਣਯੋਗ ਮੈਂਬਰਾਂ ਨੂੰ ਸਭਾਪਤੀ ਨਾਮਾਂਵਲੀ ਲਈ ਨਾਮਜ਼ਦ ਕਰਨ ਸਬੰਧੀ ਐਲਾਨ ਕੀਤਾ:-

a) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ;

b) ਰਾਣਾ ਗੁਰਜੀਤ ਸਿੰਘ, ਐਮ.ਐਲ.ਏ;

c) ਡਾਕਟਰ ਜੀਵਨ ਜੋਤ ਕੌਰ, ਐਮ.ਐਲ.ਏ;

d) ਸ਼੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ;

2. **ਮਾਣਯੋਗ ਸਪੀਕਰ ਦੁਆਰਾ ਰਾਜਪਾਲ ਜੀ ਦੇ ਭਾਸ਼ਣ ਸਬੰਧੀ ਐਲਾਨ**

ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 18 ਦੀ ਪੈਰਵੀ ਵਿਚ ਮਾਣਯੋਗ ਸਪੀਕਰ ਵਲੋਂ ਦੱਸਿਆ ਗਿਆ ਕਿ ਰਾਜਪਾਲ ਜੀ ਨੇ ਸੰਵਿਧਾਨ ਦੇ ਅਨੁਛੇਦ 176 (1) ਅਧੀਨ 21 ਮਾਰਚ, 2025 ਨੂੰ 11.00 ਵਜੇ ਸਵੇਰੇ ਪੰਜਾਬ ਵਿਧਾਨ ਸਭਾ ਨੂੰ ਭਾਸ਼ਣ ਦੇਣ ਦੀ ਕ੍ਰਿਪਾਲਤਾ ਕੀਤੀ ਹੈ। ਮਾਣਯੋਗ ਸਪੀਕਰ ਵਲੋਂ ਭਾਸ਼ਣ ਦੀ ਇਕ ਕਾਪੀ ਸਦਨ ਦੀ ਮੇਜ਼ ਤੇ ਰੱਖੀ ਗਈ।

6. **ਸਕੱਤਰ ਦੁਆਰਾ ਐਲਾਨ**

ਸਕੱਤਰ ਵੱਲੋਂ 16ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਸੱਤਵੇਂ ਸਮਾਗਮਾਂ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਮਾਣਯੋਗ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਈ-ਵਿਧਾਨ ਐਪਲੀਕੇਸ਼ਨ ਰਾਹੀਂ ਸਦਨ ਦੀ ਮੇਜ਼ ਤੇ ਰੱਖਿਆ ਗਿਆ।

7. **ਮੇਜ਼ ਤੇ ਮੁੜ ਰੱਖੇ ਗਏ ਕਾਗਜ਼-ਪੱਤਰ**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 3 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 07 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

ਇਸ ਉਪਰੰਤ ਸਦਨ, ਸੋਮਵਾਰ, ਮਿਤੀ 24 ਮਾਰਚ, 2025 ਦੇ 11.00 ਵਜੇ ਸਵੇਰ ਤੱਕ ਸਥੱਗਿਤ ਹੋ ਗਿਆ।

ਚੰਡੀਗੜ੍ਹ
21 ਮਾਰਚ, 2025

ਰਾਮ ਲੋਕ ਖਟਾਣਾ,
ਸਕੱਤਰ